# ਫਿਨੋਲੈਕਸ ਤੇ ਆਈਟੀਆਈ 'ਚ ਸਮਝੌਤਾ

**ਪੱਤਰ ਪ੍ਰੇਰਕ, ਪਟਿਆਲਾ** : ਫਿਨੋਲੈਕਸ ਕੰਪਨੀ ਨੇ ਮਾਲਵਾ ਆਈ.ਟੀ.ਆਈ ਧਬਲਾਨ ਦੇ ਸਿਖਿਆਰਥੀਆਂ ਲਈ ਉੱਚ ਦਰਜੇ ਦੀ ਟ੍ਰੇਨਿੰਗ ਅਤੇ ਸਹਾਇਤਾ ਦੇਣ ਲਈ ਕਰਾਰਨਾਮਾ ਕੀਤਾ ਹੈ। ਇਸਦਾ ਉਦਘਾਟਨ ਕੰਪਨੀ ਦੇ ਜੋਨਲ ਮੈਨੇਜਰ ਪ੍ਰਦੀਪ ਤਿਆਗੀ ਨੇ ਬੂਟਾ ਲਗਾ ਕੇ ਕੀਤਾ। ਮੈਨੇਜਰ ਤਿਆਗੀ ਨੇ ਦੱਸਿਆ ਕਿ ਕੰਪਨੀ ਵਿਚ ਉੱਚ ਤਕਨੀਕ ਨਾਲ ਆਈ.ਟੀ.ਆਈ. ਦੇ ਸਿਖਿਆਰਥੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਜਿਸ ਨਾਲ ਸਿਖਿਆਰਥੀਆਂ ਚੰਗੀਆਂ ਕੰਪਨੀਆਂ ਵਿੱਚ ਨੌਕਰੀ ਪ੍ਰਾਪਤ ਕਰ ਸਕਣਗੇ। ਇਸ ਮੌਕੇ ਮਾਲਵਾ ਆਈ.ਟੀ.ਆਈ. ਦੇ ਜਨਰਲ ਸਕੱਤਰ ਅਮਰੀਕ ਸਿੰਘ ਅਤੇ ਫਾਈਨੈਂਸ ਸਕੈਟਰੀ ਹਰਚਰਨ ਕੌਰ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਜਨਰਲ ਸੈਕਟਰੀ ਅਮਰੀਕ ਸਿੰਘ ਨੇ ਦੱਸਿਆ ਕਿ ਮਾਲਵਾ ਆਈ.ਟੀ.ਆਈ. ਇਸੇ ਤਰ੍ਹਾਂ ਵੱਖ ਵੱਖ ਟਰੇਡਾਂ ਲਈ ਹੋਰ ਵੀ ਕੰਪਨੀਆਂ ਨਾਲ ਸਮਝੌਤੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਮਾਲਵਾ ਆਈ.ਟੀ.ਆਈ. ਨੇ ਪਹਿਲਾਂ ਵੀ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਨਾਲ ਐਮ.ਓ.ਯੂ. ਸਾਈਨ ਕੀਤਾ ਹੋਇਆ ਹੈ। ਜੋ ਕਿ ਬੱਚਿਆਂ ਨੂੰ ਆਈ.ਟੀ.ਆਈ ਦੇ ਵਿੱਚ ਹੀ ਟ੍ਰੇਨਿੰਗ ਦੇਣ ਲਈ ਮਹਿੰਦਰਾ ਐਂਡ ਮਹਿੰਦਰਾ ਵੱਲੋਂ ਵਰਕਸ਼ਾਪ ਤਿਆਰ ਕੀਤੀ ਹੈ। ਜਿਸ ਵਿਚ ਕੰਪਨੀ ਵਲੋਂ ਨਵੀਂ ਤਕਨੀਕ ਦੀ ਮਸ਼ਿਨਰੀ ਲਗਾਈ ਗਈ ਹੈ ਤੇ ਇੱਥੇ ਬੱਚਿਆਂ ਨੂੰ ਸਿਖਲਾਈ ਦੇ ਕੇ ਵੱਖ ਵੱਖ ਏਜੰਸੀਆਂ ਵਿੱਚ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ।